# ਨਗਰ ਨਿਗਮ ਬਠਿੰਡਾ।

ਨਗਰ ਨਿਗਮ, ਬਠਿੰਡਾ ਦੀ ਫਾਇਨਾਂਸ ਅਤੇ ਕੰਟਰੈਕਟ ਕਮੇਟੀ ਦੀ ਮੀਟਿੰਗ ਮਿਤੀ 24.12.2021 ਨੂੰ ਸਵੇਰੇ 11.00 ਵਜੇ ਸ਼੍ਰੀਮਤੀ ਰਮਨ ਗੋਇਲ, ਮੇਅਰ, ਨਗਰ ਨਿਗਮ, ਬਠਿੰਡਾ ਜੀ ਦੀ ਪ੍ਰਧਾਨਗੀ ਹੇਠ ਹੋਈ। ਜਿਸ ਵਿੱਚ ਹੇਠ ਲਿਖੇ ਮੈਂਬਰਜ਼ ਨੇ ਹਿੱਸਾ ਲਿਆ।

ਸ਼੍ਰੀਮਤੀ ਰਮਨ ਗੋਇਲ
ਮੇਅਰ

ਸ਼੍ਰੀ ਬਿਕਰਮਜੀਤ ਸਿੰਘ ਸ਼ੇਰਗਿੱਲ, ਪੀ.ਸੀ.ਐਸ.
ਕਮਿਸ਼ਨਰ

ਸ਼੍ਰੀ ਅਸ਼ੋਕ ਕੁਮਾਰ
ਸੀਨੀਅਰ ਡਿਪਟੀ ਮੇਅਰ

ਸ੍ਰ: ਹਰਮੰਦਰ ਸਿੰਘ
ਡਿਪਟੀ ਮੇਅਰ

ਸ਼੍ਰੀ ਬਲਜਿੰਦਰ ਸਿੰਘ
ਮੈਂਬਰ ਐਫ.ਐਂਡ ਸੀ.ਸੀ.

ਸ਼੍ਰੀਮਤੀ ਪ੍ਰਵੀਨ ਗਰਗ
ਮੈਂਬਰ ਐਫ.ਐਂਡ ਸੀ.ਸੀ.

<table>
<tr><th>ਲੜੀ ਨੰ:</th><th>ਮਤਾ ਨੰ:</th><th><u>ਏਜੰਡਾ ਆਈਟਮ ਨੰ:</u></th><th>ਮਤਾ ਜੋ ਪਾਸ ਹੋਇਆ</th></tr>
<tr><td>1</td><td>332</td><td><u>ਏਜੰਡਾ ਨੰ: 1:</u><br><br>ਐਫ.ਐਂਡ ਸੀ.ਸੀ. ਦੀ ਮੀਟਿੰਗ ਮਿਤੀ 17.12.2021 ਦੀ ਕਾਰਵਾਈ ਦੀ ਪਕਿਆਈ।</td><td>ਮੀਟਿੰਗ ਮਿਤੀ 17.12.2021 ਦੀ ਕਾਰਵਾਈ ਦੀ ਪਕਿਆਈ ਕੀਤੀ ਜਾਂਦੀ ਹੈ।</td></tr>
<tr><td>2</td><td>333</td><td><u>ਏਜੰਡਾ ਨੰ: 2:</u><br><br>ਰਿਪੋਰਟ ਵਰਕਸ ਸ਼ਾਖਾ ਕਿ ਨਗਰ ਨਿਗਮ ਬਠਿੰਡਾ ਵੱਲੋਂ ਮਾਲ ਰੋਡ ਬਠਿੰਡਾ ਵਿਖੇ multilevel car parking ਦੀ ਉਸਾਰੀ ਕਰਨ ਲਈ M/s Suncon Engineer Pvt. Ltd. ਨੂੰ ਬਤੌਰ Consultant ਨਿਯੁਕਤ ਕੀਤਾ ਗਿਆ ਸੀ। ਜਿਹਨਾਂ ਵੱਲੋਂ ਉਕਤ ਕੰਮ ਦੀ ਉਸਾਰੀ ਦਾ ਤਖਮੀਨਾ ਮੁਬਲਿਗ 2608.00 ਲੱਖ ਰੁਪਏ ਦਾ ਤਿਆਰ ਕੀਤਾ ਗਿਆ ਸੀ ਜੋ ਕਿ ਨਿਗਮ ਵੱਲੋਂ ਆਪਣੇ ਪੱਤਰ ਨੰ: 1433 ਮਿਤੀ 26.10.2021 ਰਾਹੀਂ ਮਾਨਯੋਗ ਮੁੱਖ ਇੰਜੀਨੀਅਰ (ਨਗਰ ਨਿਗਮਾਂ) ਪਾਸ ਵੈਟਿੰਗ ਖਾਤਰ ਭੇਜਿਆ ਗਿਆ ਸੀ। ਇਸ ਦੇ ਸਬੰਧ ਵਿੱਚ ਮੁੱਖ ਇੰਜੀਨੀਅਰ ਜੀ ਵੱਲੋਂ ਆਪਣੇ ਪੱਤਰ ਨੰ: ਸੀ.ਈ.-2021/43698 ਮਿਤੀ 29.10.2021 ਰਾਹੀ ਉਕਤ ਤਖਮੀਨਾ ਸੋਧਣ ਉਪਰੰਤ ਮੁਬਲਿਗ 26,74,69,919/- ਰੁਪਏ ਦਾ ਵੈਟ ਕੀਤਾ ਗਿਆ ਹੈ। ਉਕਤ ਕੰਮ ਦਾ ਤਖਮੀਨਾ ਨਗਰ ਨਿਗਮ ਹਾਊਸ ਵੱਲੋਂ ਆਪਣੇ ਮਤਾ ਨੰ: 62 ਮਿਤੀ 25.11.2021 ਰਾਹੀਂ ਪ੍ਰਵਾਨ ਕਰ ਲਿਆ ਗਿਆ ਹੈ। ਜਿਸ ਦਾ ਟੈਂਡਰ ਈ-ਟੈਂਡਰਿੰਗ ਪ੍ਰਣਾਲੀ ਰਾਹੀਂ ਪਹਿਲੀ ਵਾਰ ਮਿਤੀ 25.11.2021 ਨੂੰ ਮੰਗਿਆ ਗਿਆ ਸੀ। ਇਹਨਾਂ ਟੈਂਡਰਾਂ ਦੌਰਾਨ ਪ੍ਰਾਪਤ ਹੋਈਆਂ Technically Valid 3 ਫਰਮਾਂ ਦੇ ਰੇਟ ਖੋਲ੍ਹੇ ਗਏ ਜੋ ਕਿ ਹੇਠ ਲਿਖੇ ਅਨੁਸਾਰ ਹਨ:-
<table>
<tr><th>Sr. No.</th><th>Agency Name</th><th>Estimate Cost</th><th>Quoated Rate</th><th>Quoted Rate</th></tr>
<tr><td>1</td><td>M/s Munish Kumar Bansal Contractor</td><td>267470000.00</td><td>5.25</td><td>281512175.00</td></tr>
<tr><td>2</td><td>M/s DMR Builders Pvt. Ltd.</td><td>267470000.00</td><td>7.13</td><td>286540611.00</td></tr>
<tr><td>3</td><td>Vindhya Telelinks ltd</td><td>267470000.00</td><td>-0.10</td><td>267202530.00</td></tr>
</table>
ਉਪਰੋਕਤ ਟੈਂਡਰਾਂ ਵਿੱਚ ਸਭ ਤੋਂ ਘੱਟ ਰੇਟ Vindhya Telelinks Ltd. (L-1) ਵੱਜੋਂ -0.10% 267202530.00 ਰੁਪਏ ਪ੍ਰਾਪਤ ਹੋਏ ਸਨ। ਰੇਟ ਜਿਆਦਾ ਹੋਣ ਕਾਰਣ ਫਰਮ ਨੂੰ ਇਸ ਦਫਤਰ ਦੇ ਪੱਤਰ ਨੰ: 1669/ਵ ਮਿਤੀ 14.12.2021 ਰਾਹੀਂ ਰੇਟ ਘਟਾਉਣ ਲਈ ਲਿਖਿਆ ਗਿਆ ਸੀ। ਫਰਮ ਵੱਲੋਂ ਆਪਣੇ ਪੱਤਰ ਮਿਤੀ 14.12.2021 ਰਾਹੀਂ ਆਪਣੇ ਰੇਟ 0.10% ਤੋਂ ਘਟਾਕੇ 0.25% Over all less ਕਰਨ ਦੀ ਸਹਿਮਤੀ ਦਿੱਤੀ ਸੀ। ਇਸ ਅਨੁਸਾਰ ਫਰਮ ਇਹ ਕੰਮ 267470000/- ਦੇ ਮੁਕਾਬਲੇ 266801325/- ਰੁਪਏ ਵਿੱਚ ਕੰਮ ਕਰਨ ਲਈ ਤਿਆਰ ਹੈ। ਉਕਤ ਅਨੁਸਾਰ ਕੰਪਰੈਟਿਵ ਸਟੇਟਮੈਂਟ ਵੈਟ ਕਰਨ ਲਈ ਮੁੱਖ ਇੰਜੀਨੀਅਰ (ਨਗਰ ਨਿਗਮਾਂ), ਸਥਾਨਕ ਸਰਕਾਰ ਵਿਭਾਗ, ਪੰਜਾਬ ਜੀ ਨੂੰ ਪੱਤਰ ਨੰ: 1670 ਮਿਤੀ 14.12.2021 ਰਾਹੀਂ ਭੇਜੀ ਗਈ ਸੀ। ਉਹਨਾਂ ਵੱਲੋਂ ਆਪਣੇ ਪੱਤਰ ਨੰ: CE-2021/49030 ਮਿਤੀ 17.12.2021 ਰਾਹੀਂ ਉਕਤ ਰੇਟਾਂ ਦੀ ਵੈਟਿੰਗ ਕਰ ਦਿੱਤੀ ਗਈ ਹੈ। ਉਕਤ ਅਨੁਸਾਰ ਰੇਟ ਪ੍ਰਵਾਨ ਕਰਨ ਲਈ ਕੇਸ ਐਫ.ਐਂਡ ਸੀ.ਸੀ. ਦੇ ਵਿਚਾਰ ਹਿੱਤ।</td><td>ਪ੍ਰਵਾਨ ਹੈ।</td></tr>
</table>

<table>
<tr><td>3</td><td>334</td><td>

**ਏਜੰਡਾ ਨੰ: 3:**

ਰਿਪੋਰਟ ਵਰਕਸ ਸ਼ਾਖਾ ਕਿ Construction of Rain Water Pumping Station at Sanjay Nagar Pond ਦੇ ਮੁਬਲਿਗ 33.70 ਲੱਖ ਰੁਪਏ ਦੇ ਟੈਂਡਰ ਮਿਤੀ 20.12.2021 ਨੂੰ ਚੌਥੀ ਵਾਰ ਮੰਗੇ ਗਏ ਸਨ। ਇਸ ਕੰਮ ਬਾਬਤ ਹੇਠ ਲਿਖੇ ਅਨੁਸਾਰ ਸਿਰਫ ਇੱਕ ਹੀ ਟੈਂਡਰ ਪ੍ਰਾਪਤ ਹੋਇਆ ਹੈ:

<table>
<tr><td>ਲੜੀ ਨੰ:</td><td>ਏਜੰਸੀ ਦਾ ਨਾਮ</td><td>ਓਵਰਆਲ ਲੈਸ</td><td>ਟੈਂਡਰ ਕੀਤੀ ਰਕਮ</td></tr>
<tr><td>1.</td><td>Ravinder Singh Mittal Contractor</td><td>(-) 2.92%</td><td>3271596/-</td></tr>
</table>

ਉਪਰੋਕਤ ਅਨੁਸਾਰ Ravinder Singh Mittal Contractor ਵੱਲੋਂ 33.70 ਲੱਖ ਰੁਪਏ ਦੇ ਮੁਕਾਬਲੇ 3271596/- ਰੁਪਏ ਵਿੱਚ ਕੰਮ ਕਰਨ ਲਈ ਤਿਆਰ ਹੈ।ਰੇਟ ਪ੍ਰਵਾਨ ਕਰਨ ਲਈ ਕੇਸ ਐਫ.ਐਂਡ ਸੀ.ਸੀ. ਦੇ ਵਿਚਾਰ ਹਿੱਤ।

</td><td>**ਪ੍ਰਵਾਨ ਹੈ।**</td></tr>
<tr><td>4</td><td>335</td><td>

**ਏਜੰਡਾ ਨੰ: 4:**

ਰਿਪੋਰਟ ਵਰਕਸ ਸ਼ਾਖਾ ਕਿ Construction of Rain Water Pumping Station at Waqf Board Pond near STP ਦੇ ਮੁਬਲਿਗ 29.70 ਲੱਖ ਰੁਪਏ ਦੇ ਟੈਂਡਰ ਮਿਤੀ 20.12.2021 ਨੂੰ ਚੌਥੀ ਵਾਰ ਮੰਗੇ ਗਏ ਸਨ। ਇਸ ਕੰਮ ਬਾਬਤ ਹੇਠ ਲਿਖੇ ਅਨੁਸਾਰ ਦੋ ਟੈਂਡਰ ਪ੍ਰਾਪਤ ਹੋਏ ਹਨ:

<table>
<tr><td>ਲੜੀ ਨੰ:</td><td>ਏਜੰਸੀ ਦਾ ਨਾਮ</td><td>ਓਵਰਆਲ ਲੈਸ</td><td>ਟੈਂਡਰ ਕੀਤੀ ਰਕਮ</td></tr>
<tr><td>1.</td><td>Ravinder Singh Mittal Contractor</td><td>(-) 2.10%</td><td>2907630/-</td></tr>
<tr><td>2.</td><td>R B Builders</td><td>(-) 3.23%</td><td>2874069/-</td></tr>
</table>

ਉਪਰੋਕਤ ਅਨੁਸਾਰ R B Builders ਦੇ ਰੇਟ ਘੱਟ ਪਾਏ ਗਏ ਹਨ। ਸੋਸਾਇਟੀ 29.70 ਲੱਖ ਰੁਪਏ ਦੇ ਮੁਕਾਬਲੇ 2874069/- ਰੁਪਏ ਵਿੱਚ ਕੰਮ ਕਰਨ ਲਈ ਤਿਆਰ ਹੈ।ਰੇਟ ਪ੍ਰਵਾਨ ਕਰਨ ਲਈ ਕੇਸ ਐਫ.ਐਂਡ ਸੀ.ਸੀ. ਦੇ ਵਿਚਾਰ ਹਿੱਤ।

</td><td>**ਪ੍ਰਵਾਨ ਹੈ।**</td></tr>
<tr><td colspan="4">

**ਇਸ ਉਪਰੰਤ ਹੇਠ ਲਿਖੇ ਅਨੁਸਾਰ ਸਪਲੀਮੈਂਟਰੀ ਏਜੰਡੇ ਤੇ ਵਿਚਾਰ ਕੀਤਾ ਗਿਆ:**

</td></tr>
<tr><td>1</td><td>336</td><td>

**ਏਜੰਡਾ ਨੰ: 1:**

**ਰਿਪੋਰਟ ਵਰਕਸ ਸ਼ਾਖਾ ਕਿ** ਮਿਤੀ 21.12.2021 ਨੂੰ ਨਗਰ ਨਿਗਮ ਬਠਿੰਡਾ ਵੱਲੋਂ ਹੇਠ ਲਿਖੇ ਅਨੁਸਾਰ ਨਕਾਰਾ ਸਮਾਨ ਦੀ ਬੋਲੀ ਕਰਵਾਈ ਗਈ ਸੀ, ਜਿਸ ਵਿੱਚ 30 ਬੋਲੀਕਾਰਾਂ ਵੱਲੋਂ ਹਿੱਸਾ ਲਿੱਤਾ ਗਿਆ ਸੀ।

**ਬੋਲੀ ਦਾ ਵੇਰਵਾ:-**

<table>
<tr><td>**ਲੜੀ ਨੰ:**</td><td>**ਬੋਲੀ ਦਾ ਨਾਮ**</td><td>**ਰਿਜਰਵ ਕੀਮਤ ਪ੍ਰਤੀ ਕਿਲੋ**</td><td>**ਪ੍ਰਾਪਤ ਬੋਲੀ ਪ੍ਰਤੀ ਕਿਲੋ**</td><td>**ਸਫਲ ਬੋਲੀਕਾਰ ਦਾ ਨਾਮ**</td></tr>
<tr><td>1.</td><td>ਲੋਹਾ (ਲਗਭਗ 96 ਕੁਆਇੰਟਲ) ਹੈਂਡ ਵੇਸਟ ਪਿੱਕਰ, ਟੇਬਲ, ਗੇਟ, ਟਰਾਲੀ, ਡਸਟਬਿੰਨ ਆਦਿ।</td><td>28/-</td><td>41.30</td><td rowspan="2">ਰਾਣਾ ਟਰੇਡਿੰਗ ਕੰਪਨੀ, ਨੇੜੇ ਸ਼ਿਵ ਮੰਦਰ, ਪਿੰਡ ਚਾਹਲਾ, ਤਹਿ ਸਮਰਾਲਾ, ਲੁਧਿਆਣਾ</td></tr>
<tr><td>2.</td><td>ਕੋਪਰ (ਲਗਭਗ 2 ਕੁਆਇੰਟਲ) ਬਿਜਲੀ ਦੀਆਂ ਚੌਕਾਂ, ਹੋਰ ਇਲੈਕਟ੍ਰੀਕ ਸਮਾਨ ਆਦਿ ।</td><td>400/-</td><td>815.00</td></tr>
</table>

</td><td></td></tr>
</table>

<table>
<tr>
<td></td>
<td></td>
<td>
<table>
<tr><td>3.</td><td>ਪਲਾਸਟਿਕ (ਪੀ.ਵੀ.ਸੀ.) (ਲਗਭਗ 140 ਕਿਲੋ) ਡਸਟਬਿੰਨ, ਪਾਈਪਾਂ ਆਦਿ ।</td><td>10/-</td><td>63.00</td><td></td></tr>
<tr><td>4.</td><td>ਰਬੜ (ਲਗਭਗ 100 ਕਿਲੋ) ਟਾਈਰ ਆਦਿ ।</td><td>4/-</td><td>21.50</td><td></td></tr>
<tr><td>5.</td><td>ਸਟੀਲ ਬੈਂਚ ਅਤੇ ਕੁਰਸੀਆ (ਲਗਭਗ 50 ਕਿਲੋ)</td><td>45/-</td><td>90.00</td><td></td></tr>
<tr><td>6.</td><td>ਰੱਦੀ ਅਖਬਾਰ ਅਤੇ ਗੱਤਾ</td><td>10/-</td><td>30.00</td><td></td></tr>
</table>
ਉਕਤ ਦੇ ਸਬੰਧ ਵਿੱਚ ਇਹ ਸਪੱਸ਼ਟ ਕੀਤਾ ਜਾਂਦਾ ਹੈ ਕਿ ਬਿਜਲੀ ਦੀਆਂ ਚੌਂਕਾਂ ਵਿੱਚੋਂ ਨਿਕਲਣ ਵਾਲਾ ਕੋਪਰ ਬੋਲੀਕਾਰ ਵੱਲੋਂ ਬੋਲੀ ਦੀ ਰਕਮ 815/- ਰੁਪਏ ਪ੍ਰਤੀ ਕਿਲੋ ਦੇ ਹਿਸਾਬ ਨਾਲ ਲਿਆ ਜਾਵੇਗਾ ਪਰੰਤੂ ਚੌਂਕ ਵਿੱਚੋਂ ਨਿਕਲਣ ਵਾਲਾ ਸਕਰੈਪ (ਲੋਹਾ) 42/- ਰੁਪਏ ਪ੍ਰਤੀ ਕਿਲੋ ਦੇ ਹਿਸਾਬ ਨਾਲ ਲਿਆ ਜਾਵੇਗਾ।<br>
ਇਸ ਸਬੰਧੀ ਨਿਗਰਾਨ ਇੰਜੀਨੀਅਰ ਨੇ ਰਿਪੋਰਟ ਕੀਤੀ ਹੈ ਕਿ "May be sent to F&CC for approval. A Committee of the following is proposed to dispose off the scrap under their supervision.<br>
1. Sh. Harmander Singh Sidhu,Deputy Mayor<br>
2. Sh. Baljinder Singh, Councillor (Member F&CC)<br>
3. Sh. Amardeep Singh Gill, Secretary<br>
4. Sh. Ravi Loona, Superintendent<br>
5. Sh. Neeraj Kumar, Asstt. Corp. Eng.<br>
6. Sh. Sandeep Kataria, Supdt. (Sanitation)<br>
7. Deputy Controller (F&A)<br>
ਨਕਾਰਾ ਸਮਾਨ ਲਈ ਪ੍ਰਾਪਤ ਹੋਈ ਬੋਲੀ ਦੀ ਪ੍ਰਵਾਨਗੀ ਲਈ ਕੇਸ ਐਫ.ਐਂਡ ਸੀ.ਸੀ. ਦੇ ਵਿਚਾਰ ਹਿੱਤ ਪੇਸ਼ ਹੈ ਜੀ।
</td>
<td>ਪ੍ਰਵਾਨ ਹੈ।<br>ਮਜ਼ੀਦ ਪਾਸ ਕੀਤਾ ਗਿਆ ਕਿ ਸ਼੍ਰੀ ਹਰਮੰਦਰ ਸਿੰਘ, ਡਿਪਟੀ ਮੇਅਰ ਦੀ ਥਾਂ ਤੇ ਸ਼੍ਰੀ ਰਤਨ ਰਾਹੀ, ਕੌਂਸਲਰ ਵਾਰਡ ਨੰਬਰ 46 ਨੂੰ ਸਬ-ਕਮੇਟੀ ਦਾ ਮੈਂਬਰ ਬਣਾਇਆ ਜਾਂਦਾ ਹੈ।</td>
</tr>
<tr>
<td>2</td>
<td>337</td>
<td><u>ਏਜੰਡਾ ਨੰ: 2:</u><br>
ਰਿਪੋਰਟ ਵਰਕਸ ਸ਼ਾਖਾ ਕਿ ਸਪਲਾਈ ਐਂਡ ਫਿਕਸਿੰਗ ਆਫ ਗਾਰਡਨ ਕੰਕਰੀਟ ਬੈਂਚ (1000 ਨੰਬਰ) ਦਾ ਵਰਕ ਆਰਡਰ ਨੰਬਰ 1396/ਵ ਮਿਤੀ 11.09.2020 ਰਾਹੀਂ ਮਨਜੋਤ ਇੰਟਰਪ੍ਰਾਇਜ਼ਿਜ਼ ਨੂੰ ਅਲਾਟ ਕੀਤਾ ਹੋਇਆ ਹੈ। ਸਬੰਧਤ ਫਰਮ ਵੱਲੋਂ ਸਕੋਪ ਆਫ ਵਰਕ ਅਨੁਸਾਰ ਆਪਣਾ ਕੰਮ ਲਗਭਗ ਪੂਰਾ ਕਰ ਦਿੱਤਾ ਗਿਆ ਹੈ। ਪਰੰਤੂ ਵੱਖ-ਵੱਖ ਵਾਰਡ ਮੈਂਬਰਾਂ ਵੱਲੋਂ ਹੋਰ ਬੈਂਚਾਂ ਦੀ ਮੰਗ ਕੀਤੀ ਜਾ ਰਹੀ ਹੈ। ਨਵੇਂ ਬੈਂਚਾਂ ਦਾ ਤਖਮੀਨੇ ਦਾ ਟੈਂਡਰ ਮਿਤੀ 12.01.2022 ਨੂੰ ਮੰਗਿਆ ਹੋਇਆ ਹੈ। ਇਸ ਲਈ ਮਾਨਯੋਗ ਮੈਂਬਰਾਂ ਦੀ ਮੰਗ ਨੂੰ ਮੁੱਖ ਰੱਖਦੇ ਹੋਏ ਇਸ ਕੰਮ ਲਈ ਟੈਂਡਰ ਲਾਗਤ ਵਿੱਚ 25% ਵਾਧਾ ਕਰਕੇ ਲਗਭਗ 250 ਬੈਂਚਾਂ ਦੀ ਸਪਲਾਈ ਹੋਰ ਲਿੱਤੀ ਜਾ ਸਕਦੀ ਹੈ। ਸੋ ਸਪਲਾਈ ਐਂਡ ਫਿਕਸਿੰਗ ਆਫ ਗਾਰਡਨ ਕੰਕਰੀਟ ਬੈਂਚ ਦੇ ਕੰਮ ਦੇ ਤਖਮੀਨੇ ਵਿੱਚ 25% ਦੇ ਵਾਧੇ ਲਈ ਕੇਸ ਐਫ.ਐਂਡ ਸੀ.ਸੀ. ਦੇ ਵਿਚਾਰ ਹਿੱਤ।
</td>
<td>ਪ੍ਰਵਾਨ ਹੈ।</td>
</tr>
</table>

<table>
<tr>
<td>3</td>
<td>338</td>
<td><u>ਏਜੰਡਾ ਨੰਬਰ 3 :</u><br><br>ਦਫਤਰੀ ਰਿਪੋਰਟ ਕਿ ਸ਼ਹਿਰ ਦੇ ਵੱਖ-ਵੱਖ ਹਿੱਸਿਆਂ ਵਿੱਚ ਵਿਕਾਸ ਦੇ ਕੰਮ ਕਰਾਉਣ ਲਈ ਹੇਠ ਲਿਖੇ ਅਨੁਸਾਰ ਤਖਮੀਨੇ ਤਿਆਰ ਕੀਤੇ ਗਏ ਹਨ:-
<table>
<tr><th>Sr. No.</th><th>Name of Work</th><th>Estimate (in lac)</th></tr>
<tr><td>1.</td><td>Laying Interlocking Tiles in Kothe Pipal Wale (Shri Hanuman Mandir to end), Godara Colony and end portion of Kothe Akalia Wale, Ward No. 50</td><td>39.58</td></tr>
</table>
ਕੇਸ ਐਫ. ਐਂਡ ਸੀ.ਸੀ. ਦੇ ਵਿਚਾਰ ਹਿੱਤ।</td>
<td>ਪ੍ਰਵਾਨ ਹੈ।</td>
</tr>
<tr>
<td>4</td>
<td>339</td>
<td><u>ਏਜੰਡਾ ਨੰਬਰ 4 :</u><br><br>ਰਿਪੋਰਟ ਸਿਹਤ ਸ਼ਾਖਾ ਕਿ ਨਗਰ ਨਿਗਮ, ਬਠਿੰਡਾ ਵੱਲੋਂ ਸ਼ਹਿਰ ਦੇ ਕੁੱਤਿਆ/ਕੁਤੀਆ ਦੀ ਨੱਲਬੰਦੀ/ਨੱਸਬੰਦੀ ਅਤੇ ਟੀਕਾਕਰਨ ਦਾ ਕੰਮ Simranjeet Singh, VPO Alamwala, Thehsil Malout District Shri Muktsar Sahib, Punjab ਨੂੰ 9 ਮਹੀਨੇ ਲਈ ਠੇਕੇ ਤੇ ਦਿੱਤਾ ਗਿਆ ਸੀ। ਇਹ ਕੰਮ ਸੋਸਾਇਟੀ ਫਾਰ ਸਟ੍ਰੇ ਐਂਡ ਕੈਨਾਈਨ ਬਰਥ ਕੰਟ੍ਰੋਲ ਬਠਿੰਡਾ (SSCBC Bathinda) ਵੱਲੋਂ ਕੀਤੇ ਗਏ ਫੈਸਲੇ ਅਨੁਸਾਰ ਮਿਤੀ 01.03.2021 ਨੂੰ ਠੇਕੇਦਾਰ Simranjeet Singh, VPO Alamwala, Thehsil Malout District Shri Muktsar Sahib, Punjab ਵੱਲੋਂ ਕੰਮ ਸ਼ੁਰੂ ਕੀਤਾ ਗਿਆ। ਇਹ ਕਿ ਇਸ ਕੰਮ ਲਈ ਇਕਰਾਰਨਾਮਾ ਮਿਤੀ: 31.03.2021 ਨੂੰ ਕੀਤਾ ਗਿਆ ਜ਼ੋ ਕਿ 9 ਮਹੀਨੇ ਲਈ ਕੀਤਾ ਗਿਆ ਸੀ। <u>ਇਕਰਾਰਨਾਮੇ ਦੀ ਸ਼ਰਤ ਨੰ:-1 Period of Contract ਅਨੁਸਾਰ (The Contract is initially for a period of 9 month, which can be further extended for one more year subjected to the satisfactory performance as per the decision of the authority)</u> ਜੇਕਰ ਸਮਰਥ ਅਥਾਰਟੀ ਨੂੰ ਮੰਜੂਰ ਹੋਵੇ ਤਾਂ ਇਸ ਇਕਰਾਰਨਾਮੇ ਵਿੱਚ ਇੱਕ ਸਾਲ ਦਾ ਵਾਧਾ ਕੀਤਾ ਜਾ ਸਕਦਾ ਹੈ। ਮਿਤੀ:22.12.2021 ਨੂੰ ਪ੍ਰਾਪਤ ਹੋਏ ਪੱਤਰ ਰਾਂਹੀ Simranjeet Singh, VPO Alamwala, Thehsil Malout District Shri Muktsar Sahib, Punjab ਠੇਕੇਦਾਰ ਵੱਲੋਂ ਉਕਤ ਕੰਮ ਪੁਰਾਣੇ ਰੇਟ ਅਤੇ ਪੁਰਾਣੀਆ ਸ਼ਰਤਾ ਤੇ ਲਗਾਤਾਰ ਕਰਨ ਵਿੱਚ ਸਹਿਮਤੀ ਦਿੱਤੀ ਗਈ ਹੈ। ਇਹ ਕਿ ਉਕਤ ਠੇਕੇਦਾਰ ਵੱਲੋਂ ਹੁਣ ਤੱਕ ਕੁੱਤਿਆ/ਕੁਤੀਆ ਦੀ ਨੱਲਬੰਦੀ/ਨੱਸਬੰਦੀ ਅਤੇ ਟੀਕਾਕਰਨ ਦਾ ਕੰਮ ਤਸੱਲੀਬਖਸ਼ ਕੀਤਾ ਗਿਆ ਹੈ। ਅੱਜ ਮਿਤੀ: 22.01.2021 ਤੱਕ ਦੀ ਰਿਪੋਰਟ ਅਨੁਸਾਰ ਠੇਕੇਦਾਰ ਵੱਲੋਂ 1195 ਮੇਲ/ਕੁਤੇ, 1395 ਫਿਮੇਲ/ਕੁਤਿਆ ਕੁਲ 2590 ਕੁੱਤਿਆ/ਕੁਤੀਆ ਦੀ ਨੱਲਬੰਦੀ/ਨੱਸਬੰਦੀ ਅਤੇ ਟੀਕਾਕਰਨ ਕੀਤਾ ਗਿਆ ਹੈ।ਇਸ ਕੰਮ ਦੋਰਾਨ 02 ਕੁਤੀਆ ਦੀ ਮੋਤ ਹੋਈ। ਇਸ ਕੰਮ ਤੇ ਹੁਣ ਤੱਕ 798/- ਰੁਪਏ ਪ੍ਰਤੀ ਕੁੱਤੇ ਅਨੁਸਾਰ 2066820/- ( 2590 X 798/- = 2066820/- ਰੁਪਏ ) ਖਰਚ ਆਇਆ ਹੈ। ਦਫ਼ਤਰ ਦੇ ਮਤਾ ਨੰਬਰ 25 ਮਿਤੀ: 06.09.2017 ਰਾਂਹੀ ਉਕਤ ਕੰਮ ਲਈ 25.00 ਲੱਖ ਰੁਪਏ ਖਰਚ ਕਰਨੇ ਪ੍ਰਵਾਣ ਕੀਤੇ ਗਏ ਸਨ, ਇਸ ਸਮੇਂ 25.00 ਲੱਖ ਰੁਪਏ ਵਿੱਚੋਂ 433180/- ਰੁਪਏ (2500000-2066820=433180/- ) ਬਚੇ ਹਨ। ਇਸ ਕੰਮ ਨੂੰ ਅੱਗੇ ਇੱਕ ਸਾਲ ਹੋਣ ਚਲਾਉਣ ਲਈ <u>ਲਗਭਗ 25.00</u> ਲੱਖ ਰੁਪਏ ਦੀ ਹੋਰ ਜਰੂਰਤ ਹੈ। ਜਿਸ ਲਈ ਵਿੱਤ ਅਤੇ ਠੇਕਾ ਕਮੇਟੀ ਦੀ ਪ੍ਰਵਾਣਗੀ ਦੀ ਲੋੜ ਹੈ ਨਾਲ ਹੀ ਜੇਕਰ ਉਚ ਅਧਿਕਾਰੀਆ ਨੂੰ</td>
<td></td>
</tr>
</table>

| | | | |
|---|---|---|---|
| | | ਮੰਜੂਰ ਹੋਵੇ ਤਾਂ ਇਸ ਕੰਮ ਨੂੰ ਵਿੱਤ ਅਤੇ ਲੇਖਾ ਕਮੇਟੀ ਦੀ ਪ੍ਰਵਾਣਗੀ ਮਿਲਨ ਤੱਕ ਬਚੇ ਹੋਏ ਪਹਿਲਾ ਤੋਂ ਪ੍ਰਵਾਣਤ ਫੰਡ ( 433180/- ਰੁਪਏ ) ਨਾਲ ਲਗਾਤਾਰ ਪੁਰਾਣੇ ਰੇਟ ਅਤੇ ਪੁਰਾਣੀਆ ਸ਼ਰਤਾ ਤੇ ਠੇਕੇਦਾਰ ਤੋਂ ਕਰਵਾਉਣ ਲਈ ਕੇਸ ਐਫ.ਐਂਡ ਸੀ.ਸੀ. ਦੇ ਵਿਚਾਰ ਹਿੱਤ। | **ਪ੍ਰਵਾਨ ਹੈ।** |

**ਮੇਅਰ**
**ਨਗਰ ਨਿਗਮ, ਬਠਿੰਡਾ।**